# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਨਟਾਰਿਓ ਦੀ ਪ੍ਰਤੀਦਵੰਦਤਾ ਨੂੰ ਵਧਾਉਣਾ ਅਤੇ ਚੰਗੀਆਂ ਨੌਕਰੀਆਂ ਉਤਪੰਨ ਕਰਨਾ

ਓਨਟਾਰਿਓ ਦੀ ਅਰਥ ਵਿਵਸਥਾ ਤੇਜ਼ੀ ਨਾਲ ਬਦਲ ਰਹੀ ਹੈ। ਜਿਵੇਂ ਸਾਡੇ ਸਮਾਜ ਵਿੱਚ ਇਹ ਫਾਸਲੇ ਵੱਧਦੇ ਹਨ, ਸਰਕਾਰ ਦੀ ਪ੍ਰਾਂਤ ਵਿੱਚ ਸਾਰਿਆਂ ਨੂੰ ਅਗੇ ਵੱਧਣ ਲਈ ਉਨ੍ਹਾਂ ਦੁਆਰਾ ਲੁੜੀਂਦੇ ਮੌਕੇ ਦੇ ਕੇ ਜ਼ਿਆਦਾ ਨਿਆਂਪੂਰਨ, ਬਿਹਤਰ ਓਨਟਾਰਿਓ ਦਾ ਨਿਰਮਾਣ ਕਰਨ ਦੀ ਯੋਜਨਾ ਹੈ।



### ਗੁਡ ਜ਼ੌਬਜ ਐਂਡ ਗਰੋਥ ਪਲਾਨ

ਅਗਲੇ ਤਿੰਨ ਸਾਲਾਂ ਵਿੱਚ ਕਾਰੋਬਾਰਾਂ, ਵਿਦਿਆਰਥੀਆਂ ਅਤੇ ਗ੍ਰੈਜੁਏਟਾਂ ਨੂੰ ਸਹਿਯੋਗ ਦੇਣ ਲਈ ਅਤੇ ਅੱਛੀਆਂ, ਚੰਗੇ ਵੇਤਨ ਵਾਲੀਆਂ ਨੌਕਰੀਆਂ ਨੂੰ ਅਕਰਸ਼ਤ ਕਰਨ ਵਿੱਚ ਸਹਾਇਤਾ ਲਈ $935 ਮਿਲੀਅਨ ਦੇ ਨਵੇਂ ਨਿਵੇਸ਼।



### ਮੁਫਤ ਟਿਊਸ਼ਨ

ਸਾਰੀਆਂ ਉਮਰਾਂ ਦੇ 225,000 ਤੋਂ ਵੱਧ ਵਿਦਿਆਰਥੀਆਂ ਵਾਸਤੇ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਨੂੰ ਮੁਫਤ ਬਣਾਉਣਾ। ਘੱਟ ਅਤੇ ਦਰਮਿਆਨੀ ਆਮਦਨੀਆਂ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਮੁਫਤ ਜਾਂ ਘੱਟ ਟਿਊਸ਼ਨ ਉਪਲੱਬਧ ਕਰਨੀ।



### ਉੱਤਰੀ ਕਾਰੋਬਾਰਾਂ ਨੂੰ ਸਹਿਯੋਗ ਦੇਣਾ

ਉੱਤਰ ਵਿੱਚ ਨੌਕਰੀਆਂ ਦੀ ਸਿਰਜਣਾ ਅਤੇ ਨਵੀਨਤਾ ਨੂੰ ਸਹਿਯੋਗ ਦੇਣ ਵਾਸਤੇ ਅਗਲੇ ਤਿੰਨ ਸਾਲਾਂ ਵਿੱਚ ਵਾਧੂ $85 ਮਿਲੀਅਨ ਮੁਹੱਈਆ ਕਰਨਾ।

## ਅਸੀਂ ਲੋਕਾਂ ਲਈ ਹੋਰ ਜ਼ਿਆਦਾ ਅਵਸਰ ਕਿਵੇਂ ਪੈਦਾ ਕਰ ਰਹੇ ਹਾਂ

ਓਨਟਾਰਿਓ:

- ਸਾਰੀਆਂ ਉਮਰਾਂ ਦੇ 225,000 ਤੋਂ ਵੱਧ ਵਿਦਿਆਰਥੀਆਂ ਵਾਸਤੇ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਨੂੰ ਮੁਫਤ ਬਣਾ ਰਿਹਾ ਹੈ। ਘੱਟ ਅਤੇ ਦਰਮਿਆਨੀ ਆਮਦਨੀਆਂ ਵਾਲੇ ਪਰਿਵਾਰਾਂ ਤੋਂ ਵਿਦਿਆਰਥੀਆਂ ਲਈ ਮੁਫਤ ਜਾਂ ਘੱਟ ਟਿਊਸ਼ਨ

ਉਪਲਬੱਧ ਹੈ; $90,000 ਤੱਕ ਕਮਾਉਣ ਵਾਲਿਆਂ ਲਈ ਟਿਊਸ਼ਨ ਮੁਫਤ ਹੈ ਅਤੇ $175,000 ਤੱਕ ਕਮਾਉਣ ਵਾਲੇ ਪਰਿਵਾਰਾਂ ਤੋਂ ਆਉਣ ਵਾਲੇ ਵਿਦਿਆਰਥੀ ਵੀ ਵਿੱਤੀ ਸਹਾਇਤਾ ਦੇ ਯੋਗ ਹਨ।

- ਤਿੰਨ ਸਾਲਾਂ ਵਿੱਚ ਅਜਿਹੇ ਪੋਸਟ ਸੈਕੰਡਰੀ ਪੜ੍ਹਾਈ ਦੇ ਪ੍ਰੋਗਰਾਮ, ਜਿਹੜੇ ਵਿਦਿਆਰਥੀਆਂ ਅਤੇ ਰੁਜ਼ਗਾਰਦਾਤਾਵਾਂ ਦੀਆਂ ਬਦਲਦੀਆਂ ਲੋੜਾਂ ਦੇ ਅਨੁਕੂਲ ਹਨ, ਵਿਕਸਤ ਕਰਨ ਲਈ  $132 ਮਿਲੀਅਨ ਮੁਹੱਈਆ ਕਰਕੇ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ ਲਈ ਤਿਆਰ ਕਰ ਰਿਹਾ ਹੈ ।
- ਵਿਦਿਆਰਥੀਆਂ ਵਾਸਤੇ ਕਿੱਤਿਆਂ ਨਾਲ ਸੰਬੰਧਤ ਸਿੱਖਲੇਈ ਦੇ ਹੋਰ ਜ਼ਿਆਦਾ ਅਵਸਰ ਮੁਹੱਈਆ ਕਰਨ ਲਈ ਓਨਟਾਰਿਓ ਦੇ ਸ਼ਾਗਿਰਦੀ ਪ੍ਰੋਗਰਾਮ ਨੂੰ ਤਿੰਨ ਸਾਲਾਂ ਵਿੱਚ $170 ਮਿਲੀਅਨ ਦੇ ਨਿਵੇਸ਼ ਦੇ ਨਾਲ ਆਧੁਨਿਕ ਬਣਾ ਰਿਹਾ ਹੈ।
- ਕੈਰੀਅਰ ਰੈਡੀ ਫੰਡ ਵਿੱਚ $12 ਮਿਲੀਅਨ ਦੇ ਵਾਧੂ ਨਿਵੇਸ਼ ਦੇ ਨਾਲ ਵਿਦਿਆਰਥੀਆਂ ਅਤੇ ਨਵੇਂ ਗ੍ਰੈਜੁਏਟਾਂ ਵਾਸਤੇ ਹੋਰ ਜ਼ਿਆਦਾ ਅਭਿਆਸ-ਸਿੱਧ (hands-on) ਸਿੱਖਿਆ ਮੁਹੱਈਆ ਕਰ ਰਿਹਾ ਹੈ।
- ਨਿਮਨਤਮ ਤਨਖਾਹ ਨੂੰ 1 ਜਨਵਰੀ, 2018 ਤੋਂ $14 ਪ੍ਰਤੀ ਘੰਟੇ ਅਤੇ 1, ਜਨਵਰੀ, 2019 ਨੂੰ $15 ਪ੍ਰਤੀ ਘੰਟੇ ਤੱਕ ਵਧਾ ਕੇ ਓਨਟਾਰਿਓ ਭਰ ਵਿੱਚ 1.2 ਮਿਲਿਅਨ ਲੋਕਾਂ ਵਾਸਤੇ ਲੰਮੇ ਸਮੇਂ ਤੋਂ ਉਡੀਕ ਕੀਤਾ ਜਾ ਰਿਹਾ ਵਾਧਾ ਮੁਹੱਈਆ ਕਰ ਰਿਹਾ ਹੈ।
- ਤਿੰਨ ਸਾਲਾਂ ਵਿੱਚ ਓਨਟਾਰਿਓ ਬ੍ਰਿਜ ਟ੍ਰੇਨਿੰਗ ਪ੍ਰੋਗਰਾਮ ਵਿੱਚ $45.6 ਮਿਲੀਅਨ ਦਾ ਵਾਧੂ ਨਿਵੇਸ਼ ਕਰਕੇ ਮਾਹਰ ਨਵੇਂ ਆਏ ਲੋਕਾਂ ਨੂੰ ਰੁਜ਼ਗਾਰ ਲੱਭਣ ਵਿੱਚ ਸਹਾਇਤਾ ਕਰ ਰਿਹਾ ਹੈ।

## ਅਸੀਂ ਕਾਰੋਬਾਰੀ ਪ੍ਰਤੀਦਵੰਦਤਾ ਨੂੰ ਕਿਵੇਂ ਸੁਧਾਰ ਰਹੇ ਹਾਂ

ਓਨਟਾਰਿਓ:

- ਛੋਟੇ ਕਾਰੋਬਾਰਾਂ ਲਈ 22 ਪ੍ਰਤੀਸ਼ਤ ਦੇ ਕਾਰਪੋਰੇਟ ਇੰਨਕਮ ਟੈਕਸ ਰੇਟ ਵਿੱਚ ਕਟੌਤੀ ਦੇ ਨਾਲ ਕੰਪਨੀਆਂ ਨੂੰ ਪ੍ਰਤੀਯੋਗੀ ਰਹਿਣ ਵਿੱਚ ਸਹਾਇਤਾ ਕਰ ਰਿਹਾ ਹੈ।
- ਕਾਰੋਬਾਰਾਂ ਨੂੰ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਨ ਲਈ ਖੋਜ ਅਤੇ ਵਿਕਾਸ ਸੰਬੰਧੀ ਕ੍ਰੈਡਿਟਾਂ ਵਿੱਚ ਵਾਧਾ ਕਰਨ ਦਾ ਪ੍ਰਸਤਾਵ ਦੇ ਰਿਹਾ ਹੈ, ਓਨਟਾਰਿਓ ਦੀ ਅਰਥ ਵਿਵਸਥਾ ਵਿੱਚ ਨਵੀਨਤਾ ਨੂੰ ਤੇਜ਼ ਕਰਦੇ ਹੋਏ।
- ਲਿੰਗਾਂ ਵਿੱਚ ਤਨਖਾਹ ਸੰਬੰਧੀ ਫਾਸਲੇ ਨਾਲ ਨਜਿੱਠ ਕੇ ਅਤੇ ਪ੍ਰਸਤਾਵਿਤ ਕਾਨੂੰਨ ਹੇਠ ਜਨਤਕ ਰੂਪ ਨਾਲ ਪੋਸਟ ਕੀਤੀਆਂ ਗਈਆਂ ਸਾਰੀਆ ਨੌਕਰੀਆਂ ਲਈ ਪੇ ਰੇਟ ਜਾਂ ਸੈਲਰੀ ਸਕੇਲ ਸ਼ਾਮਲ ਕਰਨ ਦੀ ਲੋੜ ਦੇ ਨਾਲ ਨੌਕਰੀ ਤੇ ਰੱਖਣ ਦੀ ਕਾਰਵਾਈ ਵਿੱਚ ਪਾਰਦਰਸ਼ਤਾ ਨੂੰ ਵਧਾ ਕੇ ਕੰਮ ਦੇ ਸਥਾਨਾਂ ਨੂੰ ਜ਼ਿਆਦਾ ਨਿਆਂਪੂਰਨ ਬਣਾ ਰਿਹਾ ਹੈ।
- ਕੰਪਨੀਆਂ ਨੂੰ ਪ੍ਰਤੀਯੋਗੀ ਰਹਿਣ ਵਿੱਚ ਸਹਾਇਤਾ ਕਰ ਰਿਹਾ ਹੈ ਅਤੇ ਅਗਲੇ 10 ਸਾਲਾਂ ਵਿੱਚ ਪ੍ਰਾਂਤ ਦੇ ਨਿਊ ਇਕੋਨਮੀ ਫੰਡ

ਵਿੱਚ $500 ਦਾ ਵਾਧੂ ਨਿਵੇਸ਼ ਮੁਹੱਈਆ ਕਰਕੇ ਸਾਰੇ ਖੇਤਰਾਂ ਨੂੰ ਨਿਜੀ ਖੇਤਰ ਦੇ ਮਹੱਤਵਪੂਰਨ ਨਿਵੇਸਾਂ ਨੂੰ ਅਕਰਸ਼ਤ ਕਰਨ ਦਾ ਮੌਕਾ ਦੇ ਰਿਹਾ ਹੈ।

- ਅੰਤਰਰਾਸ਼ਟਰੀ ਕਾਰੋਬਾਰ ਨੂੰ ਫੈਲਾ ਕੇ, ਨਿਰਯਾਤ ਬਜ਼ਾਰਾਂ ਵਿੱਚ ਵਾਧਾ ਕਰਕੇ ਅਤੇ ਦੁਨੀਆਂ ਭਰ ਵਿੱਚ ਆਰਥਿਕ ਅਤੇ ਕਾਰੋਬਾਰੀ ਸਾਂਝੀਦਾਰੀ ਨੂੰ ਵਧਾਵਾ ਦੇ ਕੇ ਓਨਟਾਰਿਓ ਦੇ ਕਾਮਿਆਂ ਅਤੇ ਕਾਰੋਬਾਰਾਂ ਦੇ ਹੱਕਾਂ ਲਈ ਕੰਮ ਕਰ ਰਿਹਾ ਹੈ।
- ਅਗਲੇ 10 ਸਾਲਾਂ ਵਿੱਚ ਲਗਭਗ 38,000 ਨੌਕਰੀਆਂ ਨੂੰ ਸਿਰਜਣ ਅਤੇ ਬਣਾਈ ਰੱਖਣ ਅਤੇ ਸਥਾਨਕ ਨਿਵੇਸ਼ਾਂ ਵਿੱਚ $1.6 ਮਿਲੀਅਨ ਤੋਂ ਵੱਧ ਨੂੰ ਆਕਰਸ਼ਤ ਕਰਨ ਲਈ $200 ਮਿਲੀਅਨ ਦਾ ਵਾਧੂ ਨਿਵੇਸ਼ ਕਰਕੇ ਖੇਤਰੀ ਆਰਥਿਕ ਵਿਕਾਸ ਨੂੰ ਸਰਾਹਾ ਦੇ ਰਿਹਾ ਹੈ।
- ਉੱਤਰ ਵਿੱਚ ਵਡੀਆਂ ਉਦਯੋਗਿਕ ਸੁਵਿਧਾਵਾਂ ਲਈ ਬਿਜਲੀ ਦੇ ਖਰਚਿਆਂ ਨੂੰ ਘੱਟ ਰੱਖਣ ਲਈ $120 ਮਿਲੀਅਨ ਦਾ ਸਾਲਾਨਾ ਨਿਵੇਸ਼ ਕਰਨਾ ਜਾਰੀ ਰੱਖ ਰਿਹਾ ਹੈ।

## ਅਸੀਂ ਬੁਨਿਆਦੀ ਢਾਂਚੇ ਵਿੱਚ ਕਿਵੇਂ ਨਿਵੇਸ਼ ਕਰ ਰਹੇ ਹਾਂ

ਓਨਟਾਰਿਓ:

- 2014-15 ਵਿੱਚ ਸ਼ੁਰੂਆਤ ਕਰਕੇ, 14 ਸਾਲਾਂ ਵਿੱਚ ਪ੍ਰਾਥਮਿਕਤਾ ਵਾਲੇ ਪ੍ਰਾਜੈਕਟਾਂ ਜਿਵੇਂ ਕਿ ਹਸਪਤਾਲਾਂ, ਸਕੂਲਾਂ, ਟਰਾਂਜ਼ਿਟ, ਪੁਲਾਂ ਅਤੇ ਸੜਕਾਂ ਲਈ ਲਗਭਗ $230 ਦਾ ਨਿਵੇਸ਼ ਕਰਕੇ ਆਧੁਨਿਕ ਅਤੇ ਕੁਸ਼ਲ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਿਹਾ ਹੈ।
- ਗੋ ਖੇਤਰੀ ਐਕਸਪ੍ਰੈਸ ਰੇਲ ਨੂੰ ਲਾਗੂ ਕਰਕੇ ਸਾਰੇ ਗਰੇਟਰ ਟੋਰੋਂਟੋ ਐਂਡ ਹੈਮਿਲਟਨ ਏਰੀਆ (ਜੀਟੀਐਚਏ) ਵਿੱਚ ਟਰਾਂਜ਼ਿਟ ਨੂੰ ਸੁਧਾਰਨਾ ਜਾਰੀ ਰੱਖਣਾ - $21.3 ਬਿਲੀਅਨ ਦਾ ਨਿਵੇਸ਼ ਜਿਹੜਾ ਸਿਸਟਮ ਨੂੰ ਕਮਿਊਟਰ ਟਰਾਂਜ਼ਿਟ ਤੋਂ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ ਵਿੱਚ ਬਦਲ ਰਿਹਾ ਹੈ। 2025 ਤੱਕ , ਸਾਰੇ ਗੋ ਰੇਲ ਨੈੱਟਵਰਕ ਵਿੱਚ ਸਪਤਾਹਿਕ ਟ੍ਰਿਪ, ਹੋਰ ਜ਼ਿਆਦਾ ਦੋ ਤਰਫਾ, ਸਾਰੇ ਦਿਨ ਵਾਲੇ ਅਤੇ ਪ੍ਰਾਂਤ ਭਰ ਵਿੱਚ ਕਮਿਊਟਰਾਂ ਅਤੇ ਪਰਿਵਾਰਾਂ ਲਈ 15 ਮਿੰਟਾਂ ਦੀ ਸੇਵਾ ਦੇ ਨਾਲ, ਲਗਭਗ 1,500 ਤੋਂ ਲਗਭਗ 6,000 ਤੱਕ ਵੱਧ ਜਾਣਗੇ।
- ਤੇਜ਼, ਕੁਸ਼ਲ ਅਤੇ ਭਰੋਸੇਯੋਗ ਟਰਾਂਜ਼ਿਟ ਮੁਹੱਈਆ ਕਰਨ ਲਈ ਜੀਟੀਐਚਏ (GTHA) ਭਰ ਵਿੱਚ ਵੱਡੇ ਟਰਾਂਜ਼ਿਟ ਪ੍ਰਾਜੈਕਟਾਂ ਵਿੱਚ ਨਿਵੇਸ਼ ਕਰ ਰਿਹਾ ਹੈ, ਜਿਸ ਵਿੱਚ 25 ਸਟੇਸ਼ਨਾਂ ਵਾਲੀ, 54 ਬਸ ਰੂਟਾਂ, ਤਿੰਨ ਸਬਵੇ ਸਟੇਸ਼ਨਾਂ, ਤਿੰਨ ਗੋ ਟਰਾਂਜ਼ਿਟ ਲਾਇਨਾਂ ਅਤੇ ਅਪ (UP) ਐਕਸਪ੍ਰੈਸ ਨੂੰ ਲਿੰਕ ਕਰਨ ਵਾਲੀ ਐਗਲਿੰਨਟਨ ਕਰੌਸਟਾਉਨ ਲਾਇਟ ਰੇਲ ਟਰਾਂਜ਼ਿਟ (ਐਲ੍ਆਰਟੀ); ਗੋ ਟਰਾਂਜ਼ਿਟ ਅਤੇ ਮਿਸੀਸਾਗਾ ਅਤੇ ਬਪੈਂਪਟਨ ਟਰਾਂਜ਼ਿਟ ਸਿਸਟਮਾਂ ਨੂੰ ਜੋੜਨ ਵਾਲੀ ਹੁਰਨਟਾਰਿਓ ਐਲ੍ਆਰਟੀ ਸ਼ਾਮਲ ਹੈ, ਸੇਵਾ ਦੀ 2022 ਵਿੱਚ ਸ਼ੁਰੂ ਹੋਣ ਦੀ ਉਮੀਦ ਹੈ।

- ਅਗਲੇ 10 ਸਾਲਾਂ ਵਿੱਚ ਪਬਲਿਕ ਟਰਾਂਜ਼ਿਟ – ਜਿਸ ਵਿੱਚ ਓਟਾਵਾ ਲਾਇਟ ਰੇਲ ਟਰਾਂਜ਼ਿਟ, ਵਾਟਰਲੂ ਆਈਓਐਨ (ION) ਰੈਪਿਡ ਟਰਾਂਜ਼ਿਟ ਪ੍ਰਾਜੈਕਟ ਅਤੇ ਲੰਦਨ ਬਸ ਰੈਪਿਡ ਟਰਾਂਜ਼ਿਟ ਸਿਸਟਮ ਸ਼ਾਮਲ ਹਨ – ਵਿੱਚ $79 ਬਿਲੀਅਨ ਦਾ ਨਿਵੇਸ਼ ਕਰਕੇ ਭੀੜ-ਭੜੱਕਾ ਘਟਾ ਰਿਹਾ ਹੈ ਅਤੇ ਰੋਜ਼ਾਨਾ ਯਾਤਰੀਆਂ ਅਤੇ ਪਰਿਵਾਰਾਂ ਲਈ ਸਫਰ ਦੇ ਹੋਰ ਵਿਕਲਪ ਪੇਸ਼ ਕਰ ਰਿਹਾ ਹੈ।
- ਗੋ ਟਰਾਂਜ਼ਿਟ/ਅਪ (UP) ਐਕਸਪ੍ਰੈਸ ਨੈੱਟਵਰਕ ਅਤੇ ਟੀਟੀਸੀ ਵਿਚਕਾਰ ਟਰਾਂਸਫਰ ਕਰਨ ਵਾਲੇ ਪਰੈਸਟੋ ਕਾਰਡ ਵਰਤਣ ਵਾਲਿਆਂ ਲਈ ਛੋਟ ਵਾਲੇ ਕਿਰਾਏ ਦੀ ਸ਼ੁਰੂਆਤ ਕਰਕੇ ਜੀਟੀਐਚਏ (GTHA) ਲਈ ਖੇਤਰੀ ਕਿਰਾਏ ਦੀ ਰੂਪ ਬਦਲਣ ਵਾਲੀ ਏਕੀਕਰਨ ਰਣਨੀਤੀ ਦਾ ਸਮਰਥਨ ਕਰਨ ਵਾਲੀਆਂ ਪਹਿਲਾਂ ਨੂੰ ਲਾਗੂ ਕਰ ਰਿਹਾ ਹੈ।
- ਤਿੰਨ ਸਾਲਾਂ ਵਿੱਚ $500 ਮਿਲੀਅਨ ਦੇ ਵਾਧੂ ਨਿਵੇਸ਼ ਦੇ ਨਾਲ ਦਿਹਾਤੀ ਅਤੇ ਉੱਤਰੀ ਭਾਈਚਾਰਿਆਂ ਵਿੱਚ ਬ੍ਰੌਡਬੈਂਡ ਇੰਟਰਨੈੱਟ ਰਾਹੀਂ ਜੁੜਨ ਦੀ ਸਮਰੱਥਾ) connectivity (ਨੂੰ ਫੈਲਾ ਰਿਹਾ ਹੈ।